# ਪੰਜਾਬ ਸਰਕਾਰ
# ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
# (ਮਕਾਨ ਉਸਾਰੀ-2 ਸ਼ਾਖਾ)

ਸੇਵਾ ਵਿਖੇ

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

ਮੀਮੋ ਨੰ: 17/17/2001-5ਮਉ2/6630 ਮਿਤੀ,
ਚੰਡੀਗੜ੍ਹ: 15-10-2008

**ਵਿਸ਼ਾ:-** **ਸਰਕਾਰ ਦੀ ਪੱਧਰ ਤੇ ਮਨਜ਼ੂਰ ਹੋਏ ਪ੍ਰੋਜੈਕਟ/ ਪੋਜੈਕਟਾਂ ਦੇ ਟੋਟਲ ਏਰੀਏ ਅਤੇ ਇਸ ਵਿੱਚ 10× ਤੱਕ ਵਾਧਾ ਕੀਤੇ ਜਾਣ ਦੀ ਸੂਰਤ ਵਿੱਚ ਪ੍ਰਵਾਨਗੀ ਦੇਣ ਦੀਆਂ ਪਾਵਰਾਂ ਮੁੱਖ ਨਗਰ ਯੋਜਨਾਕਾਰ ਪੰਜਾਬ ਨੂੰ ਡੈਲੀਗੇਟ ਕਰਨ ਬਾਰੇ**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਨੋਟ ਮਿਤੀ 06-10-2008 ਦੇ ਹਵਾਲੇ ਵਿਚ।

2 ਜਿਸ ਤਰ੍ਹਾਂ ਕਿ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਕਈ ਵਾਰ ਪ੍ਰੋਮੋਟਰਜ਼ ਪ੍ਰੋਜੈਕਟਾਂ ਅਧੀਨ ਜ਼ਮੀਨ ਦਾ ਵਾਧਾ ਕਰ ਲੈਂਦੇ ਹਨ ਜਾਂ ਭੌ ਮੰਤਵ ਤਬਦੀਲੀ (ਸੀ.ਐਲ.ਯੂ) ਕਿਸ਼ਤਾਂ ਵਿੱਚ ਕਰਵਾਉਂਦੇ ਹਨ ਇਸ ਸੰਬੰਧ ਵਿੱਚ ਸਰਕਾਰ ਦੀ ਪੱਧਰ ਤੇ ਵਿਚਾਰਨ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ ਇੱਕ ਵਾਰ ਮੁੱਖ ਮੰਤਰੀ ਜੀ ਦੀ ਪ੍ਰੋਜੈਕਟ ਅਧੀਨ ਕੁੱਲ ਰਕਬੇ ਦੀ ਭੌ ਮੰਤਵ ਤਬਦੀਲੀ (ਸੀ.ਐਲ.ਯੂ) ਪ੍ਰਵਾਨਗੀ ਲੈਣ ਉਪਰੰਤ ਇਸ ਤਰ੍ਹਾਂ ਦੇ ਕੇਸ ਵਾਰ-ਵਾਰ ਮੁੱਖ ਮੰਤਰੀ ਜੀ ਨੂੰ ਨਾਂ ਭੇਜੇ ਜਾਣ ਅਤੇ ਮਨਜ਼ੂਰ ਹੋਏ ਪ੍ਰੋਜੈਕਟ ਦੇ ਕੁੱਲ ਰਕਬੇ ਅਤੇ ਇਸ ਵਿੱਚ 10× ਦਾ ਵਾਧਾ ਕੀਤੇ ਜਾਣ ਦੀ ਸੂਰਤ ਵਿੱਚ ਅਤੇ ਇਸੇ ਤਰ੍ਹਾਂ ਪੰਜਾਬ ਅਪਾਰਟਮੈਂਟ ਐਂਡ ਪ੍ਰੋਪਰਟੀ ਰੈਗੂਲੇਸ਼ਨ ਐਕਟ, 1995 ਦੀ ਧਾਰਾ 44 ਅਧੀਨ ਵਾਧੂ ਰਕਬੇ ਦੀ ਪ੍ਰਵਾਨਗੀ ਦੇਣ ਦੇ ਅਧਿਕਾਰ ਮੁੱਖ ਨਗਰ ਯੋਜਨਾਕਾਰ ਨੂੰ ਡੈਲੀਗੇਟ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਕੇਸਾਂ ਵਿੱਚ ਕੁੱਲ ਰਕਬੇ ਦੀ ਕੈਲਕੁਲੇਸ਼ਨ ਵਿੱਚ ਜਾਂ ਰੇਵਨਿਊ ਪੱਧਰ ਤੇ ਗਲਤੀ ਹੋ ਗਈ ਹੋਵੇ ਜਾਂ ਟਾਈਪਿੰਗ ਮਿਸਟੇਕ ਹੋ ਗਈ ਹੋਵੇ, ਤਾਂ ਉਸ ਨੂੰ ਦਰੁਸਤ ਕਰਨ ਦੇ ਅਧਿਕਾਰ ਵੀ ਮੁੱਖ ਨਗਰ ਯੋਜਨਾਕਾਰ, ਪੰਜਾਬ ਨੂੰ ਦਿੱਤੇ ਜਾਂਦੇ ਹਨ।

3 ਇਹ ਅਧਿਕਾਰ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਡੈਲੀਗੇਟ ਕੀਤੇ ਜਾਂਦੇ ਹਨ।

ਵਧੀਕ ਸਕੱਤਰ